ਆਨਲਾਈਨ ਈ-ਪੇਪਰ
ਵਿਚ ਇਸ਼ਤਿਹਾਰ
ਦੇਣ ਲਈ
ਸੰਪਰਕ ਕਰੋ
09 390 4644

The true picture of your local community
NZ ਤਸਵੀਰ NEWS
www.nztasveernews.co.nz || ਪੰਜਾਬੀ ਅਖ਼ਬਾਰ || NZ Tasveer News

RED CLEANING
Old & New Build House Cleaning (Inside & Outside)
Home Cleaning
Carpet Cleaning
Floor Polishing
Water Blaster
Lawn Mowing
Carpet Cleaning 3 Bedroom $ 120
ਹੋਮ ਕਲੀਨਿੰਗ
ਕਾਰਪੇਟ ਕਲੀਨਿੰਗ
ਫਲੋਰ ਪੋਲਿਸ਼ਿੰਗ
ਵਾਟਰ ਬਲਾਸਟਰ
ਲਾਅਨ ਮੂਵਿੰਗ
CONTACT RAJ : 021874730, 021874702, 0800 253 2687
www.redcleaning.co.nz

12 June 2019 Daily, editornztasveer@gmail.com designnztasveer@gmail.com Ph/Fax: 09 390 4644 FREE

# ਨੀਦਰਲੈਂਡ ਨੇ ਨਿਊਜ਼ੀਲੈਂਡ ਨੂੰ 1-0 ਨਾਲ ਹਰਾਇਆ



ਸਥਾਨਾਪੰਨ ਖਿਡਾਰੀ ਜਿਲ ਰੂਰਡ ਨੇ ਇੰਜ਼ਰੀ ਟਾਇਮ 'ਚ ਹੈਡਰ 'ਤੇ ਕੀਤੇ ਗੋਲ ਨਾਲ ਨੀਦਰਲੈਂਡ ਨੇ ਮੰਗਲਵਾਰ ਨੂੰ ਇੱਥੇ ਮਹਿਲਾ ਵਿਸ਼ਵ ਕੱਪ 'ਚ ਨਿਊਜ਼ਲੈਂਡ ਨੂੰ 1-0 ਨਾਲ ਹਰਾਇਆ। ਇਸ ਜਿੱਤ ਨਾਲ ਯੂਰਪੀਅਨ ਚੈਂਪੀਅਨ ਨੀਦਰਲੈਂਡ ਗਰੁੱਪ ਈ 'ਚ ਕੈਨੇਡਾ ਦੇ ਨਾਲ ਚੋਟੀ 'ਤੇ ਪਹੁੰਚ ਗਿਆ ਹੈ। ਦੋਵੇਂ ਟੀਮਾਂ ਦੇ ਇਕ-ਇਕ ਅੰਕ ਹਨ। ਨੀਦਰਲੈਂਡ ਦੀ ਟੀਮ ਨੇ ਮੈਚ 'ਚ 70 ਫੀਸਦੀ ਸਮਾਂ ਗੇਂਦ ਨੂੰ ਆਪਣੇ ਕਬਜ਼ੇ 'ਚ ਰੱਖਿਆ ਤੇ ਨਿਊਜ਼ੀਲੈਂਡ ਦੀ ਤੁਲਨਾ 'ਚ ਗੋਲ ਦੇ ਤਿੰਨ ਗੁਣਾ ਜ਼ਿਆਦਾ ਕੋਸ਼ਿਸ਼ ਕੀਤੀ। ਨਿਊਜ਼ੀਲੈਂਡ ਦੀ ਟੀਮ ਹਾਲਾਂਕਿ ਇਸ ਦੇ ਬਾਵਜੂਦ ਤਿੰਨ ਬਾਰ ਗੋਲ ਕਰਨ ਦੇ ਨੇੜੇ ਪਹੁੰਚੀ ਪਰ ਸਫਲਤਾ ਨਹੀਂ ਹੱਥ ਨਹੀਂ ਲੱਗੀ।

# ਨਿਊਜੀਲੈਂਡ ਦੀ ਸਭ ਤੋਂ ਵੱਡੀ ਨਸ਼ਾ ਤਸਕਰੀ ਵਿੱਚ ਔਰਤ ਤੇ ਮਰਦ ਦੋਸ਼ੀ ਕਰਾਰ

ਆਕਲੈਂਡ (ਐੱਨ ਜ਼ੈੱਡ ਤਸਵੀਰ ਬਿਊਰੋ)ਸੰਨ 2016 'ਚ ਨਿਊਜੀਲੈਂਡ 'ਚ ਨਸ਼ਾ ਤਸਕਰੀ ਦੇ ਮਾਮਲੇ ਵਿੱਚ ਫੜੇ ਗਏ ਇੱਕ ਔਰਤ ਅਤੇ ਮਰਦ ਨੂੰ ਦੋਸ਼ੀ ਕਰਾਰ ਦਿੱਤਾ ਗਿਆ ਹੈ। ਨਿਊਜੀਲੈਂਡ 'ਚ ਇਹ ਹੁਣ ਤੱਕ ਦੀ ਸਭ ਤੋਂ ਵੱਡੀ ਤਸਕਰੀ ਸੀ। ਇਸ ਤਸਕਰੀ 'ਚ ਇਨ੍ਹਾਂ ਤੋਂ 501 ਕਿਲੋਗ੍ਰਾਮ ਮੈਥਫੈਟਾਮਾਈਨ ਫੜੀ ਗਈ ਸੀ ਜਿਸ ਦੀ ਬਜਾਰ ਵਿੱਚ 100 ਮਿਲੀਅਨ ਡਾਲਰ ਤੋਂ ਵੀ ਵੱਧ ਸੀ। ਅੱਜ ਅਦਾਲਤ ਵਿੱਚ ਪੇਸ਼ੀ ਦੌਰਾਨ ਇਨ੍ਹਾਂ 'ਤੇ ਲੱਗੇ ਚਾਰ ਦੋਸ਼ ਹੀ ਸਾਬਿਤ ਹੋਏ ਅਤੁ ਦੋਨਾਂ ਨੂੰ ਦੋਸ਼ੀ ਐਲਾਨ ਦਿੱਤਾ ਗਿਆ। ਸਟੀਵ ਕਲਟਨ ਅਤੇ ਸਾਇਮਾ ਫੈਕਸੋਲੀਆ ਨਾਮ ਦੇ ਇਨਹਾਂ ਦੋਵਾਂ ਨੂੰ ਅਗਲੇ ਮਹੀਨੇ ਸਜਾ ਸੁਣਾਈ ਜਾਵੇਗੀ।



# ਦੁਬਈ ਚ ਭਾਰਤੀ ਦੀ 10 ਲੱਖ ਡਾਲਰ ਦੀ ਨਿਕਲੀ ਲਾਟਰੀ



ਦੁਬਈ - ਓਮਾਨ 'ਚ ਰਹਿਣ ਵਾਲੇ ਭਾਰਤੀ ਵਿਅਕਤੀ ਦੀ 'ਦੁਬਈ ਡਿਊਟੀ' ਫ੍ਰੀ ਮਿਲੇਨੀਅਮ ਮਿਲੀਯਨੇਅਰ' ਡਰਾਅ 'ਚ 10 ਲੱਖ ਡਾਲਰ (ਕਰੀਬ 69 ਲੱਖ ਰੁਪਏ) ਦੀ ਲਾਟਰੀ ਨਿਕਲੀ ਹੈ। ਖਲੀਜ਼ ਟਾਈਮਸ ਨੇ ਖਬਰ ਦਿੱਤੀ ਹੈ ਕਿ ਰਘੂ ਕ੍ਰਿਸ਼ਣਾਮੂਰਤੀ 10 ਲੱਖ ਡਾਲਰ ਦੀ ਲਾਟਰੀ ਜਿੱਤਣ ਵਾਲਾ 143ਵਾਂ ਭਾਰਤੀ ਬਣ ਗਿਆ ਹੈ। ਉਨ੍ਹਾਂ ਨੂੰ ਹੁਣ ਤੱਕ ਇਸ ਬਾਰੇ 'ਚ ਕੋਈ ਜਾਣਕਾਰੀ ਨਹੀਂ ਹੈ। ਸਾਲ 1999 'ਚ ਸ਼ੁਰੂ ਹੋਈ 'ਦੁਬਈ ਡਿਊਟੀ ਫ੍ਰੀ ਮਿਲੇਨੀਅਮ ਮਿਲੀਯਨੇਅਰ ਪ੍ਰੋਮੋਸ਼ਨ' 5 ਲੱਖ ਟਿਕਟਾਂ ਕੱਢਦੀ ਹੈ ਅਤੇ ਇਕ ਵਿਅਕਤੀ ਨੂੰ 10 ਲੱਖ ਡਾਲਰ ਜਿੱਤਣ ਦਾ ਮੌਕਾ ਹੁੰਦਾ ਹੈ। ਐਲਾਨ ਤੋਂ ਬਾਅਦ, ਪਿਛਲੇ ਜੇਤੂ 40 ਸਾਲ ਦੇ ਭਾਰਤ ਨਾਗਰਿਕ ਰਤੀਸ਼ ਕੁਮਾਰ ਰਵੀਂਦ੍ਰਨ ਨਾਇਰ ਲਈ ਇਕ ਪ੍ਰੋਗਰਾਮ ਆਯੋਜਿਤ ਕੀਤਾ ਗਿਆ ਸੀ। ਉਸ ਦੀ 10 ਲੱਖ ਡਾਲਰ ਦੀ ਲਾਟਰੀ ਨਿਕਲੀ ਸੀ। ਇਸ ਤੋਂ ਇਲਾਵਾ 2 ਭਾਰਤੀ ਨਾਗਰਿਕਾਂ ਨੂੰ ਬੀ. ਐੱਮ. ਡਬਲਯੂ ਮੋਟਰਬਾਈਕਸ ਮਿਲੀਆਂ ਹਨ।

# ਹਾਈਡ੍ਰੋਜਨ ਨਾਲ ਚੱਲਣ ਵਾਲੀ ਗੱਡੀ ਨਿਊਜੀਲੈਂਡ 'ਚ ਜਲਦ ਆਵੇਗੀ




ਆਕਲੈਂਡ (ਐੱਨ ਜ਼ੈੱਡ ਤਸਵੀਰ ਬਿਊਰੋ) ਹੈਮਿਲਟਨ ਨੇੜੇ ਫੀਲਡੇਅਜ ਖੇਤੀ ਮੇਲੇ ਦੌਰਾਨ ਨਿਊਜ਼ੀਲੈਂਡ 'ਚ ਪਹਿਲੀ ਵਾਰ ਹਾਈਡਰੋਜਨ ਪਾਵਰ ਨਾਲ ਚੱਲਣ ਵਾਲੀ ਪਹਿਲੀ ਗੱਡੀ ਦਾ ਪ੍ਰਦਰਸ਼ਨ ਹੋਵੇਗਾ। ਹੁੰਡਈ ਦੇ ਨਿਊਜ਼ੀਲੈਂਡ 'ਚ ਜਨਰਲ ਮੈਨੇਜਰ ਐਂਡੀ ਸਿਨਕਲੇਅਰ ਇਸ ਮੇਲੇ ਵਿੱਚ ਗੱਡੀ ਨਾਲ ਜੁੜੀ ਅਹਿਮ ਜਾਣਕਾਰੀ ਲੋਕਾਂ ਨਾਲ ਸਾਂਝੀ ਕਰਨਗੇ। ਗੱਡੀ ਦੀ ਨਿਊਜੀਲੈਂਡ ਵਿੱਚ ਵਿਕਰੀ ਕਦੋਂ ਸ਼ੁਰੂ ਹੋਵੇਗੀ ਇਸ ਬਾਰੇ ਅਜੇ ਕੋਈ ਜਾਣਕਾਰੀ ਨਹੀਂ ਹੈ।

# ਆਸਟਰੇਲੀਆ-ਪਾਕਿਸਤਾਨ ਵਿਚਾਲੇ ਹੋਵੇਗਾ ਧਮਾਕੇਦਾਰ ਮੁਕਾਬਲਾ



5 ਵਾਰ ਦੇ ਚੈਂਪੀਅਨ ਆਸਟਰੇਲੀਆ ਅਤੇ ਇਕ ਵਾਰ ਦੇ ਜੇਤੂ ਪਾਕਿਸਤਾਨ ਵਿਚਾਲੇ ਬੁੱਧਵਾਰ ਨੂੰ ਇਥੇ ਹੋਣ ਵਾਲੇ ਆਈ.ਸੀ.ਸੀ. ਵਿਸ਼ਵ ਕੱਪ ਮੁਕਾਬਲੇ ਵਿਚ ਧਮਾਕੇਦਾਰ ਸੰਘਰਸ਼ ਹੋਣ ਦੀ ਪੂਰੀ ਉਮੀਦ ਹੈ। ਆਸਟਰੇਲੀਆ ਅਤੇ ਪਾਕਿਸਤਾਨ ਨੇ ਵਿਸ਼ਵ ਕੱਪ ਤੋਂ ਪਹਿਲਾਂ 5 ਵਨ ਡੇ ਮੈਚਾਂ ਦੀ ਸੀਰੀਜ਼ ਯੂ. ਏ. ਈ. 'ਚ ਖੇਡੀ ਸੀ, ਜਿਸ 'ਚ ਆਸਟਰੇਲੀਆ ਨੇ 5-0 ਨਾਲ ਜਿੱਤ ਦਰਜ ਕੀਤੀ ਸੀ। ਇਸ ਆਧਾਰ 'ਤੇ ਆਸਟਰੇਲੀਆ ਇਸ ਮੈਚ 'ਚ ਜਿੱਤ ਦੇ ਦਾਅਵੇਦਾਰ ਦੇ ਰੂਪ ਵਿਚ ਉਤਰੇਗਾ ਪਰ ਭਾਰਤ ਤੋਂ ਪਿਛਲੇ ਮੁਕਾਬਲੇ 'ਚ ਮਿਲੀ ਹਾਰ ਤੋਂ ਬਾਅਦ ਉਸ ਨੂੰ ਚੌਕਸ ਰਹਿਣਾ ਪਵੇਗਾ। ਆਸਟਰੇਲੀਆ ਨੇ ਆਪਣੇ ਤਿੰਨ ਮੈਚਾਂ 'ਚ ਹੁਣ ਇਕ-ਦੋ ਮੈਚ ਜਿੱਤੇ ਹਨ ਅਤੇ ਉਸ ਦੇ ਖਾਤੇ 'ਚ ਚਾਰ ਅੰਕ ਹਨ। ਪਾਕਿਸਤਾਨ ਦੇ ਤਿੰਨ ਮੈਚਾਂ 'ਚੋਂ ਇਕ ਜਿੱਤ, ਇਕ ਹਾਰ ਅਤੇ ਇਕ ਰੱਦ ਨਤੀਜੇ ਨਾਲ 3 ਅੰਕ ਹਨ। ਪਾਕਿਸਤਾਨ ਨੇ ਵੈਸਟਇੰਡੀਜ਼ ਤੋਂ ਪਹਿਲੇ ਮੁਕਾਬਲੇ 'ਚ ਮਿਲੀ ਹਾਰ ਤੋਂ ਬਾਅਦ ਸ਼ਾਨਦਾਰ ਵਾਪਸੀ ਕਰਦਿਆਂ ਵਿਸ਼ਵ ਦੀ ਨੰਬਰ ਇਕ ਟੀਮ ਅਤੇ ਮੇਜ਼ਬਾਨ ਇੰਗਲੈਂਡ ਨੂੰ 14 ਦੌੜਾਂ ਨਾਲ ਹਰਾਇਆ ਸੀ। ਪਾਕਿਸਤਾਨ ਦਾ ਸ਼੍ਰੀਲੰਕਾ ਵਿਰੁੱਧ ਮੁਕਾਬਲਾ ਮੀਂਹ ਕਾਰਣ ਬਿਨਾਂ ਕੋਈ ਗੇਂਦ ਸੁੱਟੇ ਰੱਦ ਹੋ ਗਿਆ ਸੀ। ਦੋਵਾਂ ਟੀਮਾਂ ਲਈ ਚੌਥਾ ਮੈਚ ਕਾਫੀ ਮਹੱਤਵਪੂਰਨ ਹੈ ਅਤੇ ਇਸ ਮੈਚ ਦੇ ਨਤੀਜੇ ਨਾਲ ਉਸ ਦੇ ਲਈ ਅੱਗੇ ਦੀ ਦਿਸ਼ਾ ਤੈਅ ਹੋਵੇਗੀ। ਸਾਬਕਾ ਚੈਂਪੀਅਨ ਆਸਟਰੇਲੀਆ ਨੂੰ ਭਾਰਤ ਵਿਰੁੱਧ ਮਿਲੀ ਹਾਰ ਤੋਂ ਝਟਕਾ ਲੱਗਾ ਹੈ ਅਤੇ ਪਾਕਿਸਤਾਨ ਆਪਣੇ ਗੁਆਂਢੀ ਦੀ ਜਿੱਤ ਤੋਂ ਮਨੋਵਿਗਿਆਨਿਕ ਲਾਭ ਲੈ ਸਕਦਾ ਹੈ।

# ਅਮਰੀਕਾ 'ਚ ਪੰਜਾਬੀ ਦਾ ਕਾਰਾ, ਸਮਲਿੰਗੀਆਂ ਦੀ ਪਰੇਡ 'ਚ ਬੰਦੂਕ ਦੀ ਦਹਿਸ਼ਤ

**ਪੁਲਿਸ ਨੇ ਦੱਸਿਆ ਕਿ ਉਨ੍ਹਾਂ ਆਫ਼ਤਾਬਜੀਤ ਕੋਲੋਂ ਬੀਬੀ ਗੰਨ ਬਰਾਮਦ ਕੀਤੀ ਹੈ, ਜੋ ਹਵਾ ਵਿੱਚ ਧਾਤੂ ਦੇ ਟੁਕੜਿਆਂ 'ਤੇ ਨਿਸ਼ਾਨੇ ਲਾਉਣ ਲਈ ਵਰਤੋਂ ਵਿੱਚ ਲਿਆਂਦੀ ਜਾਂਦੀ ਹੈ। ਉਸ ਕੋਲ ਇਸ ਬੰਦੂਕ ਨੂੰ ਰੱਖਣ ਲਈ ਕੋਈ ਅਧਿਕਾਰਤ ਦਸਤਾਵੇਜ਼ ਜਾਂ ਲਾਈਸੰਸ ਆਦਿ ਵੀ ਮੌਜੂਦ ਨਹੀਂ ਸੀ।**




ਵਾਸ਼ਿੰਗਟਨ: ਪੰਜਾਬੀ ਮੂਲ ਦੇ ਅਮਰੀਕੀ ਵਿਅਕਤੀ ਨੂੰ ਆਪਣੀ ਬੰਦੂਕ ਨਾਲ ਸਮਲਿੰਗੀ ਭਾਈਚਾਰੇ ਦੇ ਲੋਕਾਂ ਨੂੰ ਡਰਾਉਣ ਦੇ ਇਲਜ਼ਾਮ ਹੇਠ ਗ੍ਰਿਫ਼ਤਾਰ ਕੀਤਾ ਗਿਆ ਹੈ। ਇਹ ਲੋਕ ਵਿੱਚ ਆਪਣੇ ਭਾਈਚਾਰੇ ਦੇ ਹੱਕਾਂ ਦੀ ਰਾਖੀ ਲਈ ਪਰੇਡ ਕੱਢ ਰਹੇ ਸਨ। ਇਸੇ ਦੌਰਾਨ 38 ਸਾਲਾ ਆਫ਼ਤਾਬਜੀਤ ਸਿੰਘ ਨੇ ਆਪਣੀ ਬੰਦੂਕ ਕੱਢ ਲਈ। ਦਰਅਸਲ, ਉਹ ਕਿਸੇ ਹੋਰ ਵਿਅਕਤੀ ਨੂੰ ਧਮਕਾਉਣਾ ਚਾਹੁੰਦਾ ਸੀ ਪਰ ਇਹ ਭੁੱਲ ਗਿਆ ਕਿ ਉੱਥੇ ਹੋਰ ਵੀ ਲੋਕ ਮੌਜੂਦ ਹਨ। ਦੱਸਿਆ ਜਾ ਰਿਹਾ ਹੈ ਕਿ ਲੋਕਾਂ ਨੇ ਉੱਥੇ ਗੋਲ਼ੀਆਂ ਚੱਲਣ ਦੇ ਕਾਫੀ ਖੜਾਕ ਸੁਣੇ ਪਰ ਪੁਲਿਸ ਨੇ ਅਜਿਹੀ ਘਟਨਾ ਤੋਂ ਇਨਕਾਰ ਕਰ ਦਿੱਤਾ। ਇਸ ਦੌਰਾਨ ਰੈਲੀ ਵਿੱਚ ਮੌਜੂਦ ਲੋਕਾਂ ਵਿੱਚ ਹਫੜਾ-ਦਫੜੀ ਮੱਚ ਗਈ, ਜਿਸ ਦੌਰਾਨ ਕਈਆਂ ਦੇ ਫੱਟੜ ਹੋਣ ਦੀ ਵੀ ਖ਼ਬਰ ਹੈ। ਪੁਲਿਸ ਨੇ ਦੱਸਿਆ ਕਿ ਉਨ੍ਹਾਂ ਆਫ਼ਤਾਬਜੀਤ ਕੋਲੋਂ ਬੀਬੀ ਗੰਨ ਬਰਾਮਦ ਕੀਤੀ ਹੈ, ਜੋ ਹਵਾ ਵਿੱਚ ਧਾਤੂ ਦੇ ਟੁਕੜਿਆਂ 'ਤੇ ਨਿਸ਼ਾਨੇ ਲਾਉਣ ਲਈ ਵਰਤੋਂ ਵਿੱਚ ਲਿਆਂਦੀ ਜਾਂਦੀ ਹੈ। ਉਸ ਕੋਲ ਇਸ ਬੰਦੂਕ ਨੂੰ ਰੱਖਣ ਲਈ ਕੋਈ ਅਧਿਕਾਰਤ ਦਸਤਾਵੇਜ਼ ਜਾਂ ਲਾਈਸੰਸ ਆਦਿ ਵੀ ਮੌਜੂਦ ਨਹੀਂ ਸੀ। ਉਸ ਨੂੰ ਅੱਜ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ।

# ਦਿਲਜੀਤ ਤੇ ਨੀਰੂ ਜਲਦ ਲਗਾਉਣਗੇ 'ਮਹਿਫਿਲ'



21 ਜੂਨ ਨੂੰ ਦਿਲਜੀਤ ਦੋਸ਼ਾਂਝ ਤੇ ਨੀਰੂ ਬਾਜਵਾ ਸਟਾਰਰ ਪੰਜਾਬੀ ਫਿਲਮ 'ਛੜਾ' ਰਿਲੀਜ਼ ਹੋਣ ਜਾ ਰਹੀ ਹੈ।ਇਸ ਫਿਲਮ ਦੇ ਟਰੇਲਰ ਅਤੇ ਹੁਣ ਤੱਕ ਰਿਲੀਜ਼ ਹੋਏ ਗੀਤਾਂ ਨੂੰ ਦਰਸ਼ਕ ਖੂਬ ਪਸੰਦ ਕਰ ਰਹੇ ਹਨ । ਫਿਲਮ ਦੇ ਟਾਈਟਲ ਗੀਤ 'ਛੜਾ' ਨੂੰ ਹੁਣ ਤੱਕ ਯੂਟਿਊਬ 'ਤੇ 8 ਮਿਲੀਅਨ, 'ਮਹਿੰਦੀ' ਗੀਤ ਨੂੰ 6.1 ਮਿਲੀਅਨ, 'ਟੌਮੀ' ਗੀਤ ਨੂੰ 9.5 ਮਿਲੀਅਨ ਅਤੇ ਹਾਲ ਹੀ 'ਚ ਰਿਲੀਜ਼ ਹੋਏ ਗੀਤ 'ਐਕਸਪੈਂਸਿਵ' ਨੂੰ 4.5 ਮਿਲੀਅਨ ਤੋਂ ਵੱਧ ਦੇਖਿਆ ਗਿਆ ਹੈ। ਹੁਣ ਦਿਲਜੀਤ ਦੋਸਾਂਝ ਨੇ ਇਸ ਫਿਲਮ ਦੇ ਇਕ ਹੋਰ ਨਵੇਂ ਗੀਤ 'ਮਹਿਫਿਲ' ਦੀ ਅਨਾਊਂਸਮੈਂਟ ਆਪਣੇ ਸੋਸ਼ਲ ਮੀਡੀਆ ਅਕਾਊਂਟਸ 'ਤੇ ਕੀਤੀ ਹੈ। ਇਸ ਗੀਤ ਬਾਰੇ ਦਿਲਜੀਤ ਨੇ ਲਿਖਿਆ ਹੈ 'ਫਿਲਮ ਦਾ ਪਰਮੋਸ਼ਨਲ ਗੀਤ ਬਹੁਤ ਜਲਦੀ ਆਉਣ ਵਾਲਾ ਹੈ'। ਇਸ ਗੀਤ ਨੂੰ ਰੈਵ ਹੰਜਾਰਾ ਨੇ ਲਿਖਿਆ ਹੈ ਤੇ ਮਿਊਜ਼ਿਕ ਵਰੈਕਸ ਮਿਊਜ਼ਿਕ ਨੇ ਤਿਆਰ ਕੀਤਾ ਹੈ।ਇਸ ਗੀਤ ਦੀ ਅਜੇ ਆਫੀਸ਼ੀਅਲ ਅਨਾਊਸਮੈਂਟ ਨਹੀਂ ਕੀਤੀ ਗਈ ਪਰ ਦਰਸ਼ਕਾਂ ਨੂੰ ਇਸ ਗੀਤ ਦੀ ਉਡੀਕ ਜ਼ਰੂਰ ਹੈ। ਦੱਸਣਯੋਗ ਹੈ ਕਿ ਇਸ ਫਿਲਮ ਨੂੰ ਜਗਦੀਪ ਸਿੱਧੂ ਵੱਲੋਂ ਲਿਖਿਆ ਤੇ ਡਾਇਰੈਕਟ ਕੀਤਾ ਗਿਆ ਹੈ। ਦਿਲਜੀਤ ਦੋਸਾਂਝ ਤੇ ਨੀਰੂ ਬਾਜਵਾ ਤੋਂ ਇਲਾਵਾ ਇਸ ਫਿਲਮ 'ਚ ਜਗਜੀਤ ਸੰਧੂ, ਹਰਦੀਪ ਗਿੱਲ, ਅਨੀਤਾ ਦੇਵਗਨ, ਗੁਰਪ੍ਰੀਤ ਕੌਰ ਭੰਗੂ, ਪ੍ਰਿੰਸ ਕੰਵਲਜੀਤ, ਅਨੀਤਾ ਮੀਤ, ਰਵਿੰਦਰ ਮੰਡ, ਮਨਵੀਰ ਰਾਏ, ਰੁਪਿੰਦਰ ਰੂਪੀ, ਸੀਮਾ ਕੌਸ਼ਲ ਤੇ ਬਨਿੰਦਰ ਬੰਨੀ ਨੇ ਅਹਿਮ ਭੂਮਿਕਾ ਨਿਭਾਈ ਹੈ।'ਏ ਐਂਡ ਏ ਐਡਵਾਈਜ਼ਰ' ਤੇ 'ਬਰੈਟ ਫਿਲਮਜ਼' ਦੀ ਇਸ ਪੇਸਕਸ਼ ਨੂੰ ਅਤੁਲ ਭੱਲਾ, ਅਮਿਤ ਭੱਲਾ, ਅਨੁਰਾਗ ਸਿੰਘ, ਪਵਨ ਗਿੱਲ ਤੇ ਅਮਨ ਗਿੱਲ ਵੱਲੋਂ ਪ੍ਰੋਡਿਊਸ ਕੀਤਾ ਗਿਆ ਹੈ।